# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

*ਈ.ਮੇਲ:* deoseamritsar@gmail.com *ਫੋਨ ਅਤੇ ਫੈਕਸ ਨੰਬਰ:* 0183-2225896

**deoseasr.org**

ਵੱਲ **ਵੈਬ ਸਾਈਟ ਰਾਹੀ**

ਸਮੂਹ ਪ੍ਰਿੰਸੀਪਲ / ਮੁਖਅਧਿਆਪਕ,
ਸਰਕਾਰੀ ਸੀਨੀਅਰ ਸੈਕੰਡਰੀ / ਹਾਈ ਸਕੂਲ,
ਜਿਲਾ ਅੰਮ੍ਰਿਤਸਰ।
ਪੱਤਰ ਨੰ: ਸਟੈਨੋ-ਜਿਸਿਅ/2016-1425
ਮਿਤੀ: 06-12-16

ਵਿਸ਼ਾ **ਸਟਾਫ ਸਟੇਟਮੈਟਾਂ ਭੇਜਣ ਬਾਰੇ।**

ਉਪਰੋਕਤ ਵਿਸ਼ੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਹੇਠ ਲਿਖੇ ਪ੍ਰੋਫਾਰਮੇ ਮੁਤਾਬਕ ਸਾਰੇ ਸਟਾਫ ਦੀਆ ਸੂਚੀਆਂ **ਕੈਟਾਗਰੀ ਵਾਈਜ** ਲੀਗਲ ਪੇਜ ਤੇ ਕੰਪਿਊਟਰਾਈਜ ਕਰਵਾ ਕੇ ਹਰ ਹਾਲਤ ਵਿਚ ਵਿਸੇਸ਼ ਦੂਤ ਰਾਹੀ ਇਸ ਦਫਤਰ ਦੇ ਸਟੈਨੋ ਨੂੰ **ਮਿਤੀ 09-12-16** ਤੱਕ ਹਰ ਹਾਲਤ ਵਿਚ ਆਪਣੇ **ਕਲਸਟਰ ਸਕੂਲ ਮੁਖੀ** ਰਾਹੀ ਪੁਜਦੀਆਂ ਕੀਤੀਆਂ ਜਾਣ। ਸਿੱਧੇ ਤੋਰ ਤੇ ਬਿਲਕੁਲ ਨਾਂ ਭੇਜੀਆ ਜਾਣ। ਹਥ-ਲਿਖਤ ਸਟਾਫ ਸਟੇਟਮੈਟਾਂ ਸਵੀਕਾਰ ਨਹੀ ਕੀਤੀਆਂ ਜਾਣਗੀਆ। ਰਮਸਾ ਸਕੂਲ ਮੁਖੀ ਆਪਣੀਆਂ ਸਟਾਫ ਸਟੇਟਮੈਟਾਂ ਸਿੱਧੇ ਤੋਰ ਤੇ ਇਸ ਦਫਤਰ ਦੇ ਸਟੈਨੋ ਨੂੰ ਪੁਜਦੀਆ ਕਰਨਗੇ। ਜੇਕਰ ਆਪ ਦੇ ਨਾਲ ਮਿਡਲ ਸਕੂਲ ਅਟੈਚ ਹੈ ਤਾਂ ਉਹ ਵੀ ਸੀਨੀਅਰ ਸੈਕੰਡਰੀ / ਹਾਈ ਸਕੂਲ ਦੇ ਮੁਖੀ ਆਪਣੀ ਸਟੇਟਮੈਟ ਦੇ ਨਾਲ ਵਖਰੇ ਤੋਰ ਤੇ ਲਗਾ ਕੇ ਭੇਜਣਗੇ। ਜਿਹੜੇ ਸੀਨੀਅਰ ਸੈਕੰਡਰੀ / ਹਾਈ ਸਕੂਲਾਂ ਨਾਲ ਸਰਵ ਸਿਖਿਆ ਅਭਿਆਨ ਵਾਲੇ ਮਿਡਲ ਸਕੂਲ ਅਟੈਚ ਹਨ, ਉਨਾਂ ਦੀ ਸਟਾਫ ਸਟੇਟਮੈਟ ਵੀ ਹੇਠਾਂ ਦਿੱਤੇ ਪ੍ਰੋਫਾਰਮੇ ਅਨੁਸਾਰ ਆਪਣੀ ਸਟੇਟਮੈਟ ਨਾਲ ਵਖਰੇ ਤੋਰ ਤੇ ਉਨਾਂ ਦੇ ਘਰ ਦੇ ਵਰਤਮਾਨ ਪੱਤੇ ਅਤੇ ਮੋਬਾਈਲ ਨੰਬਰ ਸਮੇਤ ਅਟੈਚ ਕਰਕੇ ਭੇਜਣਗੇ। ਸਟਾਫ ਸਟੇਟਮੈਟ ਭੇਜਦੇ ਸਮੇ ਇਹ ਖਿਆਲ ਰਖਿਆ ਜਾਵੇ ਕਿ ਜਿਹੜੇ ਕਰਮਚਾਰੀ **ਪ੍ਰਸੂਤੀ ਛੁੱਟੀ** ਤੇ ਹਨ, **ਵਿਦੇਸ਼** ਗਏ ਹਨ, ਜਾਂ **ਲੰਮੇ ਸਮੇ ਤੋ ਗੈਰ ਹਾਜ਼ਰ ਜਾਂ ਹੈਡੀਕੈਪ** ਹਨ, ਬਾਰੇ ਵਿਸੇਸ਼ ਕਥਨ ਦੇ ਖਾਨੇ ਵਿਚ **ਲਾਲ ਪੈਨ** ਨਾਲ ਸਪਸ਼ਟ ਕੀਤਾ ਜਾਵੇ। ਜੇਕਰ ਕਰਮਚਾਰੀ ਨੂੰ ਬੋਰਡ ਵਲੋ ਉਸ ਨੂੰ ਡਿਊਟੀ ਪ੍ਰਤੀ ਡੀਬਾਰ ਕੀਤਾ ਹੋਇਆ ਹੈ, ਉਸ ਬਾਰੇ ਵੀ **ਲਾਲ ਪੈਨ** ਨਾਲ ਸਪਸਟ ਤੋਰ ਤੇ ਵਿਸੇਸ ਕਥਨ ਵਿਚ ਸਪਸਟ ਕੀਤਾ ਜਾਵੇ। ਸਟਾਫ ਸਟੇਟਮੈਟ ਵਿਚ ਕਿਸ ਤਹਿਸੀਲ ਵਿਚ ਸਕੂਲ ਪੈਂਦਾ ਹੈ ਬਾਰੇ ਸਪਸ਼ਟ ਕੀਤਾ ਹੋਣਾ ਚਾਹੀਦਾ ਹੈ। ਕੰਪਿਊਟਰ ਅਧਿਆਪਕਾ ਦੇ ਨਾਂ ਵੀ ਸਟਾਫ ਸਟੇਟਮੈਟ ਵਿਚ ਸਾਮਲ ਕਰਕੇ ਭੇਜੇ ਜਾਣ।

**ਸਟਾਫ ਸਟੇਟਮੈਟ**

| ਲੜੀ ਨੰ: | ਕਰਮਚਾਰੀ ਦਾ ਨਾਂ | ਅਹੁੱਦਾ | ਵਿਦਿਅਕ ਯੋਗਤਾ | ਜਨਮ ਮਿਤੀ | ਸੇਵਾ ਮੁਕਤ ਹੋਣ ਦੀ ਮਿਤੀ | ਸਰਕਾਰੀ ਸੇਵਾ ਵਿਚ ਆਉਣ ਦੀ ਮਿਤੀ | ਘਰ ਦਾ ਵਰਤਮਾਨ ਪੱਤਾ | ਮੋਬਾਈਲ ਨੰਬਰ | ਵਿਸੇਸ਼ ਕਥਨ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।